# ਊਬਰ ਕਮਿਊਨਿਟੀ ਨਿਰਦੇਸ਼

ਅਸੀਂ ਊਬਰ ਨੂੰ ਹਰੇਕ ਲਈ ਅਨੋਖਾ ਅਤੇ ਸੁਰੱਖਿਅਤ ਰੱਖਣਾ ਚਾਹੁੰਦੇ ਹਾਂ। ਇਹ ਮੁੱਢਲੇ ਨਿਯਮ ਇਹ ਯਕੀਨੀ ਬਣਾਉਣ ਲਈ ਤਿਆਰ ਕੀਤੇ ਗਏ ਹਨ ਕਿ ਸਵਾਰੀਆਂ ਅਤੇ ਡਰਾਇਵਰਾਂ ਲਈ ਊਬਰ ਵਰਤਣ ਦੌਰਾਨ ਰਾਈਡ ਫਾਇਵ ਸਟਾਰ ਹੋਵੇ। ਕਿਰਪਾ ਕਰਕੇ ਇਹਨਾਂ ਨੂੰ ਪੜ੍ਹਨ ਲਈ ਥੋੜ੍ਹਾ ਜਿਹਾ ਸਮਾਂ ਦਿਓ। ਕਿਉਂਕਿ ਚਾਹੇ ਤੁਸੀਂ ਇੱਕ ਸਥਾਨ ਤੋਂ ਦੂਜੇ ਸਥਾਨ 'ਤੇ ਜਾਣ ਵਾਲੇ ਯਾਤਰੀ ਹੋ —ਜਾਂ ਡਰਾਇਵਿੰਗ ਵਾਲੇ ਸਾਂਝੇਦਾਰ ਹੋ — ਤੁਹਾਡਾ ਵਿਹਾਰ ਮਹੱਤਵਪੂਰਨ ਹੈ।

### *ਇੱਕ-ਦੂਜੇ ਦਾ ਸਨਮਾਨ ਕਰੋ*

ਆਪਣੀਆਂ ਸਾਥੀ ਸਵਾਰੀਆਂ ਅਤੇ ਡਰਾਇਵਰਾਂ ਨਾਲ ਅਜਿਹਾ ਵਿਹਾਰ ਕਰੋ ਜਿਵੇਂ ਤੁਸੀਂ ਖੁਦ ਨਾਲ ਕਰਦੇ ਹੋ: ਸਨਮਾਨਜਨਕ ਵਿਹਾਰ। ਜਿਵੇਂ ਕਿ ਚੀਖ ਨਾ ਮਾਰਨਾ, ਗਾਲੀ ਨਾ ਦੇਣਾ ਜਾਂ ਗੱਡੀ ਦੀ ਤਾਕੀ ਨੂੰ ਜ਼ੋਰ ਨਾਲ ਬੰਦ ਨਾ ਕਰਨਾ ਆਮ ਸ਼ਿਸ਼ਟ ਵਿਹਾਰ ਦੀਆਂ ਗੱਲਾਂ ਹਨ। ਅਤੇ ਆਪਣੀ ਸਫਾਈ ਰੱਖ ਕੇ—ਚਾਹੇ ਇਹ ਤੁਹਾਡੇ ਘਰ ਦੀ ਗੰਦਗੀ ਸਾਫ਼ ਕਰਨ ਦੀ ਗੱਲ ਹੋਵੇ ਜਾਂ ਡੁੱਲ੍ਹੇ ਹੋਏ ਡ੍ਰਿੰਕ ਨੂੰ ਸਾਫ਼ ਕਰਨ ਦੀ—ਤੁਸੀਂ ਗੱਡੀ ਨੂੰ ਚੰਗੀ ਸਥਿਤੀ ਵਿੱਚ ਰੱਖੋਗੇ ਅਤੇ ਇਹ ਯਕੀਨੀ ਬਣਾਓਗੇ ਕਿ ਅਗਲੇ ਵਿਅਕਤੀ ਦਾ ਸਫ਼ਰ ਵੀ ਖੁਸ਼ੀ ਨਾਲ ਬੀਤੇ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਯਾਦ ਰੱਖੋ ਕਿ ਊਬਰ ਨਾਲ ਕੰਮ ਕਰਨ ਸਮੇਂ ਤੁਸੀਂ ਆਪਣੀ ਦਿਖ ਅਤੇ ਸੋਚ ਨਾਲੋਂ ਵੱਖਰੇ ਲੋਕਾਂ ਨਾਲ ਮਿਲੋਗੇ। ਕਿਰਪਾ ਕਰਕੇ ਇਹਨਾਂ ਅੰਤਰਾਂ ਦਾ ਸਨਮਾਨ ਕਰੋ। ਅਸੀਂ ਚਾਹੁੰਦੇ ਹਾਂ ਕਿ ਊਬਰ ਸੇਵਾ ਵਰਤਣ ਵਾਲਾ ਅਤੇ ਨਾਲ ਕੰਮ ਕਰਨ ਵਾਲਾ ਹਰੇਕ ਵਿਅਕਤੀ ਖੁਸ਼ੀ ਮਹਿਸੂਸ ਕਰੇ।

### *ਸਵਾਰੀਆਂ ਅਤੇ ਡਰਾਇਵਰਾਂ ਵਿਚਕਾਰ ਨਿੱਜੀ ਵਿੱਥ ਰੱਖੋ*

ਅਸੀਂ ਸਾਰੇ ਸਾਡੀ ਨਿੱਜੀ ਵਿੱਥ ਅਤੇ ਨਿੱਜੀਤਾ ਦੀ ਕਦਰ ਕਰਦੇ ਹਾਂ। ਗੱਡੀ ਵਿੱਚ ਦੂਜੇ ਲੋਕਾਂ ਨਾਲ ਗੱਲ ਕਰਨਾ ਠੀਕ ਹੈ। ਪਰ ਕਿਸੇ ਦੀ ਦਿਖ 'ਤੇ ਟਿੱਪਣੀ ਨਾ ਕਰੋ ਜਾਂ ਉਹਨਾਂ ਤੋਂ ਇਹ ਨਾ ਪੁੱਛੋ ਕਿ ਉਹ ਅਵਿਆਹਿਤ ਹਨ। ਇੱਕ ਯਾਤਰੀ ਦੇ ਤੌਰ 'ਤੇ ਜੇ ਤੁਹਾਨੂੰ ਫ਼ੋਨ ਕਾੱਲ ਕਰਨੀ ਪੈਂਦੀ ਹੈ, ਤਾਂ ਆਪਣੇ ਡਰਾਇਵਰ ਅਤੇ ਹੋਰ ਸਵਾਰੀਆਂ ਨੂੰ ਪਰੇਸ਼ਾਨ ਨਾ ਕਰਨ ਲਈ ਆਪਣੀ ਬੋਲੀ ਮਿੱਠੀ ਰੱਖੋ। ਅਤੇ ਵਿਚਲੇ ਦੂਜੇ ਲੋਕਾਂ ਨੂੰ ਟੱਚ ਨਾ ਕਰੋ ਨਾ ਹੀ ਉਹਨਾਂ ਨਾਲ ਕੋਈ ਛੇੜ-ਛਾੜ ਕਰੋ। ਰਿਮਾਇੰਡਰ ਦੇ ਤੌਰ 'ਤੇ, ਊਬਰ ਦਾ ਕੋਈ ਸੈਕਸ ਸਬੰਧੀ ਨਿਯਮ ਨਹੀਂ ਹੈ। ਚਾਹੇ ਕੁਝ ਵੀ ਹੋਵੇ, ਡਰਾਇਵਰਾਂ ਅਤੇ ਸਵਾਰੀਆਂ ਵਿਚਕਾਰ ਕੋਈ ਲੈਂਗਿਕ ਵਿਹਾਰ ਨਹੀਂ ਹੋਣਾ ਚਾਹੀਦਾ।

### *ਪਹਿਲੀ ਸੁਰੱਖਿਆ*

ਹਰ ਕੋਈ ਇੱਕ ਥਾਂ ਤੋਂ ਦੂਜੀ ਥਾਂ ‘ਤੇ ਸੁਰੱਖਿਅਤ ਤਰੀਕੇ ਨਾਲ ਜਾਣਾ ਚਾਹੁੰਦਾ ਹੈ। ਇਸ ਲਈ ਇਹ ਯਕੀਨੀ ਬਣਾਓ ਕਿ ਤੁਸੀਂ ਸਥਾਨਕ ਕਾਨੂੰਨ ਦਾ ਪਾਲਣ ਕਰਦੇ ਹੋ। ਸਾਡੇ **ਰਾਇਡਰ ਸੁਰੱਖਿਆ ਟਿਪਸ** ਦੇਖੋ ਚਾਹੇ ਤੁਸੀਂ ਫਰੰਟ ਸੀਟ ‘ਤੇ ਬੈਠਦੇ ਹੋ ਜਾਂ ਬੈਕ ਸੀਟ ‘ਤੇ, ਗੱਡੀ ਵਿੱਚ ਬੈਠਦੇ ਸਾਰ ਹੀ ਸੀਟ ਬੈਲਟ ਲਗਾਓ। ਡਰਾਇਵਰਾਂ ਦੀ ਇੱਕ ਖਾਸ ਜ਼ਿੰਮੇਵਾਰੀ ਹੁੰਦੀ ਹੈ ਜਦੋਂ ਉਬਰ ਵਿੱਚ ਸੁਰੱਖਿਆ ਦੀ ਗੱਲ ਹੁੰਦੀ ਹੈ। ਇਸਦਾ ਅਰਥ ਹੈ ਸਪੀਡ ਲਿਮਿਟ ਰੱਖਣਾ; ਡਰਾਇਵਿੰਗ ਕਰਨ ਦੌਰਾਨ ਮੈਸੇਜ ਨਾ ਕਰਨਾ; ਹਮੇਸ਼ਾ ਫ਼ੋਨ ਮਾਉਂਟ ਵਰਤਣਾ, ਅਤੇ ਕਦੇ ਵੀ ਸ਼ਰਾਬ ਜਾਂ ਨਸ਼ਿਆਂ ਦੇ ਅਸਰ ਵਿੱਚ ਡਰਾਇਵਿੰਗ ਨਾ ਕਰਨਾ। ਜੇ ਤੁਸੀਂ ਡਰਾਇਵ ਕਰ ਰਹੇ ਹੋ ਅਤੇ ਤੁਹਾਨੂੰ ਥਕਾਵਟ ਮਹਿਸੂਸ ਹੁੰਦੀ ਹੈ, ਤਾਂ ਇੱਕ ਬ੍ਰੇਕ ਲਓ। ਜਿਵੇਂ ਕਿ ਮਾਹਿਰ ਕਹਿੰਦੇ ਹਨ, “ਨੀਂਦ ਦੀ ਸੁਸਤੀ ਵਿੱਚ ਡਰਾਇਵਿੰਗ ਦੇ ਖਤਰਿਆਂ ਵਿਰੁੱਧ ਨੀਂਦ ਕਰਨਾ ਹੀ ਕੇਵਲ ਇੱਕ ਸਹੀ ਰੋਕਥਾਮ ਉਪਾਅ ਹੈ।”

### ਬੱਚਿਆਂ ਦੀ ਨਿਗਰਾਨੀ ਰੱਖਣੀ ਚਾਹੀਦੀ ਹੈ

ਕੇਵਲ ਵਿਅਸਕਾਂ ਕੋਲ ਹੀ ਉਬਰ ਰਾਇਡਰ ਖਾਤਾ ਹੋ ਸਕਦਾ ਹੈ। ਜੇ ਤੁਹਾਡਾ ਬੱਚਾ ਉਬਰ ਰਾਇਡਰ ਖਾਤਾ ਵਰਤ ਰਿਹਾ ਹੈ, ਤਾਂ ਮਾਤਾ-ਪਿਤਾ ਜਾਂ ਸਰਪ੍ਰਸਤ ਹਰ ਸਮੇਂ ਉਸ ਨਾਲ ਹੋਣੇ ਚਾਹੀਦੇ ਹਨ।

### *ਫੀਡਬੈਕ ਸਾਨੂੰ ਬਿਹਤਰ ਬਣਾਉਂਦਾ ਹੈ*

ਚਾਹੇ ਤੁਸੀਂ ਰਾਇਡਰ (ਸਵਾਰੀ) ਹੋ ਜਾਂ ਡਰਾਇਵਰ ਕਿਰਪਾ ਕਰਕੇ ਯਾਤਰਾ ਦੀ ਸਮਾਪਤੀ ‘ਤੇ ਆਪਣੀ ਯਾਤਰਾ ਦੀ ਰੇਟਿੰਗ ਦਿਓ। ਇਮਾਨਦਾਰੀ ਨਾਲ ਦਿੱਤੀ ਫੀਡਬੈਕ ਇਹ ਯਕੀਨੀ ਬਣਾਉਂਦੀ ਹੈ ਕਿ ਆਪਣੇ ਵਿਹਾਰ ਲਈ ਹਰ ਕੋਈ ਜ਼ਿੰਮੇਵਾਰ ਹੈ। ਇਹ ਜ਼ਿੰਮੇਵਾਰੀ ਸਵਾਰੀਆਂ ਅਤੇ ਡਰਾਇਵਰਾਂ ਦੋਵਾਂ ਲਈ ਸਨਮਾਨਜਨਕ ਸੁਰੱਖਿਅਤ ਅਤੇ ਵਾਤਾਵਰਣ ਤਿਆਰ ਕਰਦੀ ਹੈ। ਅਤੇ ਜੇ ਯਾਤਰਾ ਦੌਰਾਨ ਕੁਝ ਵਾਪਰਦਾ ਹੈ—ਚਾਹੇ ਇਹ ਟ੍ਰੈਫਿਕ ਦੁਰਘਟਨਾ ਹੋਵੇ ਜਾਂ ਕੋਈ ਝਗੜਾ—ਤਾਂ ਐਪ ਵਿੱਚ “ਮਦਦ” ‘ਤੇ ਟੈਪ ਕਰਕੇ ਇਸ ਦੀ ਸੂਚਨਾ ਦੇਣਾ ਯਕੀਨੀ ਬਣਾਉਂਦਾ ਹੈ ਤਾਂ ਜੋ ਸਾਡੀ ਗ੍ਰਾਹਕ ਸਹਾਇਤਾ ਟੀਮ ‘ਤੇ ਕਾਰਵਾਈ ਕਰ ਸਕੇ।

ਹੇਠਾਂ ਦਿੱਤੇ ਨਿਰਦੇਸ਼ ਕੁਝ ਖਾਸ ਤਰ੍ਹਾਂ ਦੇ ਵਿਹਾਰ ਬਾਰੇ ਦੱਸਦੇ ਹਨ ਜੋ ਭਾਰਤ ਵਿੱਚ ਸਵਾਰੀ ਜਾਂ ਡਰਾਇਵਰ ਦੇ ਤੌਰ ‘ਤੇ ਤੁਹਾਡੇ ਲਈ ਉਬਰ ਦੀ ਸੇਵਾ ਗਵਾਉਣ ਦਾ ਕਾਰਨ ਹੋ ਸਕਦਾ ਹੈ।

---

## ਸਵਾਰੀ ਉਬਰ ਦੀ ਸੇਵਾ ਕਿਉਂ ਗਵਾ ਸਕਦੀ ਹੈ

ਇਸ ਪਾਲਿਸੀ ਵਿੱਚ ਵਿਹਾਰ ਦੀਆਂ ਕੁਝ ਅਜਿਹੀਆਂ ਕਿਸਮਾਂ ਬਾਰੇ ਦੱਸਿਆ ਗਿਆ ਹੈ ਜਿਸ ਕਾਰਨ ਸਵਾਰੀ ਉਬਰ ਦੇ ਸੇਵਾ ਗਵਾ ਸਕਦੀ ਹੈ। ਕਿਰਪਾ ਕਰਕੇ ਯਾਦ ਰੱਖੋ ਕਿ ਜੇ ਤੁਸੀਂ ਗਰੁੱਪ ਵਿੱਚ ਸਫ਼ਰ ਕਰ ਰਹੇ ਹੋ ਜਾਂ ਤੁਸੀਂ ਆਪਣੇ ਖਾਤੇ ਨਾਲ ਦੂਜੇ ਲੋਕਾਂ ਨੂੰ ਸਫ਼ਰ ਕਰਨ ਦਿੰਦੇ ਹੋ, ਤਾਂ ਤੁਸੀਂ ਗੱਡੀ ਵਿੱਚ ਉਹਨਾਂ ਦੇ ਵਿਹਾਰ ਲਈ ਜ਼ਿੰਮੇਵਾਰ ਹੁੰਦੇ ਹੋ।

#####

**ਸਾਰੇ ਡਰਾਇਵਰਾਂ ਅਤੇ ਸਵਾਰੀਆਂ ਲਈ ਸਨਮਾਨਜਨਕ ਸੁਰੱਖਿਅਤ ਵਾਤਾਵਰਣ ਸੁਨਿਸ਼ਚਿਤ ਕਰਨਾ**

ਊਬਰ ਵਰਤਣ ਸਮੇਂ ਤੁਸੀਂ ਜੋ ਵਿਹਾਰ ਕਰਦੇ ਹੋ, ਉਸਦਾ ਡਰਾਇਵਰਾਂ ਦੀ ਸੁਰੱਖਿਆ ਅਤੇ ਆਰਾਮ 'ਤੇ ਵੱਡਾ ਪ੍ਰਭਾਵ ਪੈ ਸਕਦਾ ਹੈ, ਇਸਦੇ ਨਾਲ-ਨਾਲ ਇਸਦਾ ਤੁਹਾਡੇ ਸਾਥੀ ਯਾਤਰੀਆਂ 'ਤੇ ਵੀ ਪ੍ਰਭਾਵ ਪੈ ਸਕਦਾ ਹੈ। ਸ਼ਿਸ਼ਟਤਾ ਮਹੱਤਵ ਰੱਖਦੀ ਹੈ। ਇਸ ਲਈ ਊਬਰ ਵਿੱਚ ਸਵਾਰੀ ਕਰਨ ਸਮੇਂ ਤੁਹਾਡੇ ਤੋਂ ਗੱਡੀ ਵਿੱਚ ਦੂਜੇ ਲੋਕਾਂ ਪ੍ਰਤੀ ਚੰਗਾ ਖਿਆਲ ਰੱਖਣ ਅਤੇ ਚੰਗਾ ਵਿਹਾਰ ਕਰਨ ਦੀ ਉਮੀਦ ਕੀਤੀ ਜਾਂਦੀ ਹੈ—ਜਿਵੇਂ ਤੁਸੀਂ ਸਾਰਵਜਨਿਕ ਸਥਾਨ 'ਤੇ ਕਰਦੇ ਹੋ।

ਤੁਸੀਂ ਇੱਕ ਸਵਾਰੀ ਦੇ ਤੌਰ 'ਤੇ ਊਬਰ ਦੀ ਸੇਵਾ ਕਿਉਂ ਗਵਾ ਸਕਦੇ ਹੋ, ਇੱਥੇ ਇਸਦੇ ਕੁਝ ਕਾਰਨ ਦਿੱਤੇ ਗਏ ਹਨ।

- **ਡਰਾਇਵਰਾਂ ਜਾਂ ਦੂਜੇ ਯਾਤਰੀਆਂ ਦੀ ਸੰਪੱਤੀ ਨੂੰ ਹਾਨੀ ਪਹੁੰਚਾਉਣਾ।**
  ਉਦਾਹਰਨ ਲਈ, ਗੱਡੀ ਨੂੰ ਹਾਨੀ ਪਹੁੰਚਾਉਣਾ, ਫ਼ੋਨ ਤੋੜਣਾ ਜਾਂ ਸੁੱਟਣਾ, ਜਾਣ-ਬੁੱਝ ਕੇ ਭੋਜਨ ਸੁੱਟਣਾ, ਡ੍ਰਿੰਕ ਡੋਲ੍ਹਣਾ, ਸਿਗਰਟ ਪੀਣਾ, ਜਾਂ ਜ਼ਿਆਦਾ ਸ਼ਰਾਬ ਪੀਣ ਕਾਰਨ ਉਲਟੀਆਂ ਕਰਨਾ
- **ਡਰਾਇਵਰ ਜਾਂ ਸਾਥੀ ਸਵਾਰੀਆਂ ਨਾਲ ਸਰੀਰਿਕ ਸੰਪਰਕ**
  ਜਿਵੇਂ ਕਿ ਅਸੀਂ ਸਮੁਦਾਇਕ ਨਿਰਦੇਸ਼ਾਂ ਵਿੱਚ ਸਪੱਸ਼ਟ ਕੀਤਾ ਹੈ, ਤੁਸੀਂ ਗੱਡੀ ਵਿੱਚ ਹੋਰ ਲੋਕਾਂ ਨੂੰ ਛੂਹ ਜਾਂ ਛੇੜ ਨਹੀਂ ਸਕਦੇ। ਰਿਮਾਇੰਡਰ ਦੇ ਤੌਰ 'ਤੇ ਊਬਰ ਦਾ ਸੈਕਸ ਸਬੰਧੀ ਕੋਈ ਨਿਯਮ ਨਹੀਂ ਹੈ। ਡਰਾਇਵਰ ਜਾਂ ਸਾਥੀ ਸਵਾਰੀਆਂ ਨਾਲ ਕੋਈ ਵੀ ਲੈਂਗਿਕ ਵਿਹਾਰ ਦੀ ਮਨ੍ਹਾਂਹੀ ਹੈ, ਚਾਹੇ ਕੁਝ ਵੀ ਹੋਵੇ। ਅਤੇ ਤੁਸੀਂ ਡਰਾਇਵਰ ਜਾਂ ਸਾਥੀ ਯਾਤਰੀ ਨੂੰ ਨਾ ਹੀ ਮਾਰੋਗੇ ਨਾ ਹੀ ਸਰੀਰਿਕ ਨੁਕਸਾਨ ਪਹੁੰਚਾਓਗੇ।
- **ਅਣਉਚਿਤ ਅਤੇ ਅਪਮਾਨਜਨਕ ਭਾਸ਼ਾ ਜਾਂ ਇਸ਼ਾਰਿਆਂ ਦੀ ਵਰਤੋ।**
  ਉਦਾਹਰਨ ਲਈ, ਨਿੱਜੀ ਸਵਾਲ ਪੁੱਛਣਾ, ਜ਼ੁਬਾਨੀ ਧਮਕੀਆਂ ਦੇਣਾ, ਅਤੇ ਅਕਰਾਮਕ, ਲੈਂਗਿਕ ਭੇਦਭਾਵਪੂਰਨ ਜਾਂ ਅਪਮਾਨਜਨਕ ਟਿੱਪਣੀਆਂ ਜਾਂ ਇਸ਼ਾਰੇ ਕਰਨਾ।
- **ਯਾਤਰਾ ਖ਼ਤਮ ਹੋਣ 'ਤੇ ਡਰਾਇਵਰ ਜਾਂ ਸਾਥੀ ਯਾਤਰੀ ਨਾਲ ਅਣਇੱਛੁਕ ਸੰਪਰਕ।**
  ਉਦਾਹਰਨ ਲਈ, ਸਫ਼ਰ ਪੂਰਾ ਹੋਣ ਤੋਂ ਬਾਅਦ ਮੈਸੇਜ ਕਰਨਾ, ਕਾੱਲ ਕਰਨਾ ਜਾਂ ਜਾ ਕੇ ਮਿਲਣਾ।
- **ਊਬਰ ਵਰਤਦੇ ਹੋਏ ਸਥਾਨਕ ਕਾਨੂੰਨ ਤੋੜਣਾ**
  ਉਦਾਹਰਨ ਲਈ, ਗੱਡੀ ਵਿੱਚ ਸ਼ਰਾਬ ਜਾਂ ਨਸ਼ੇ ਦੇ ਡੱਬੇ ਖੋਲ੍ਹਣਾ; ਸ਼ਰਾਬ ਪੀਣਾ ਜਾਂ ਨਸ਼ੇ ਕਰਨਾ; ਗੱਡੀ ਵਿੱਚ ਉਪਲਬਧ ਸੀਟ ਬੈਲਟਾਂ ਤੋਂ ਵੱਧ ਲੋਕਾਂ ਦੇ ਵੱਡੇ ਸਮੂਹਾਂ ਵਿੱਚ ਸਫ਼ਰ ਕਰਨਾ; ਡਰਾਇਵਰਾਂ ਨੂੰ ਟ੍ਰੈਫਿਕ ਦੇ ਸਥਾਨਕ ਨਿਯਮ ਤੋੜਣ ਜਿਵੇਂ ਸਪੀਡ ਦੀ ਸੀਮਾ ਦਾ ਨਿਯਮ ਤੋੜਣ ਲਈ ਕਹਿਣਾ; ਜਾਂ ਊਬਰ ਵਰਤਦੇ ਹੋਏ ਅਪਰਾਧ ਕਰਨਾ, ਇਸ ਵਿੱਚ ਨਸ਼ਾ ਅਤੇ ਮਨੁੱਖੀ ਤਸਕਰੀ ਜਾਂ ਬੱਚਿਆਂ ਦਾ ਲੈਂਗਿਕ ਸੋਸ਼ਣ ਵੀ ਸ਼ਾਮਿਲ ਹੈ।

ਜੇ ਸਾਨੂੰ ਕਿਸੇ ਵੀ ਤਰ੍ਹਾਂ ਦੇ ਸਮੱਸਿਆਪੂਰਨ ਵਿਹਾਰ ਬਾਰੇ ਪਤਾ ਲੱਗਦਾ ਹੈ, ਤਾਂ ਅਸੀਂ ਤੁਹਾਡੇ ਨਾਲ ਸੰਪਰਕ ਕਰਾਂਗੇ ਤਾਂ ਜੋ ਅਸੀਂ ਉਸਦੀ ਜਾਂਚ ਕਰ ਸਕੀਏ। ਮੁੱਦੇ ਦੀ ਪ੍ਰਕਿਰਤੀ ਦੇ ਆਧਾਰ 'ਤੇ, ਅਸੀਂ ਜਾਂਚ ਦੌਰਾਨ ਤੁਹਾਡਾ ਖਾਤਾ ਹੋਲਡ ਰੱਖ ਸਕਦੇ ਹਾਂ। ਜੇ ਉਠਾਏ ਗਏ ਮੁੱਦੇ ਗੰਭੀਰ ਹਨ ਜਾਂ ਕਿਸੇ ਅਪਰਾਧ ਨੂੰ ਦੁਹਰਾਉਂਦੇ ਹਨ, ਜਾਂ ਤੁਸੀਂ ਇਸ ਵਿੱਚ ਸਹਿਯੋਗ ਨਹੀਂ ਕਰਦੇ, ਤਾਂ ਤੁਹਾਨੂੰ ਊਬਰ ਦੀ ਸੇਵਾ ਵਰਤਣ ਤੋਂ ਰੋਕਿਆ ਜਾ ਸਕਦਾ ਹੈ। ਊਬਰ ਦੀ ਵਰਤੋਂ ਦੌਰਾਨ ਕਿਸੇ ਹਿੰਸਾ, ਲੈਂਗਿਕ ਦੁਰਵਿਹਾਰ, ਉਤਪੀੜਣ, ਭੇਦਭਾਵ, ਜਾਂ ਗੈਰਕਾਨੂੰਨੀ ਗਤੀਵਿਧੀ ਸ਼ਾਮਿਲ ਹੋਣ ਦਾ ਨਤੀਜਾ ਤੁਰੰਤ ਤੁਹਾਡੇ ਖਾਤੇ 'ਤੇ ਊਬਰ ਸੇਵਾ ਦੀ ਵਰਤੋਂ ਤੋਂ ਮਨ੍ਹਾਂਹੀ ਹੋ

ਸਕਦਾ ਹੈ। ਇਸ ਤੋਂ ਇਲਾਵਾ, ਜਦੋਂ ਕਾਨੂੰਨ ਪਾਲਣ ਸ਼ਾਮਿਲ ਹੁੰਦਾ ਹੈ, ਤਾਂ ਅਸੀਂ ਸਾਡੇ **ਕਾਨੂੰਨ ਪਾਲਣ ਨਿਰਦੇਸ਼ਾਂ** ਅਨੁਸਾਰ ਜਾਂਚ ਵਿੱਚ ਉਹਨਾਂ ਦਾ ਸਹਿਯੋਗ ਕਰਾਂਗੇ।

**ਵਰਤੋਂ ਦੇ ਨਿਯਮ**

ਇੱਕ ਰਾਇਡਰ (ਸਵਾਰੀ) ਦੇ ਤੌਰ 'ਤੇ ਤੁਸੀਂ ਆਪਣਾ ਖਾਤਾ ਆਰੰਭ ਕਰਨ ਸਮੇਂ ਸਾਡੀ ਵਰਤੋਂ ਦੇ ਨਿਯਮਾਂ [1]'ਤੇ ਸਹਿਮਤੀ ਪ੍ਰਗਟ ਕਰਦੇ ਹੋ। ਅਸੀਂ ਇਹਨਾਂ ਨਿਯਮਾਂ ਦੀ ਉਲੰਘਣਾ ਲਈ ਤੁਹਾਡੇ ਵਿਰੁੱਧ ਕਾਰਵਾਈ ਕਰ ਸਕਦੇ ਹਾਂ, ਇਸ ਵਿੱਚ ਸਥਾਈ ਤੌਰ 'ਤੇ ਤੁਹਾਡਾ ਖਾਤਾ ਡੀਐਕਟੀਵੇਟ ਕਰਨਾ ਵੀ ਸ਼ਾਮਿਲ ਹੈ। ਉਦਾਹਰਨ ਲਈ, ਸਹੀ, ਪੂਰਨ ਅਤੇ ਅਪ-ਟੂ-ਡੇਟ ਖਾਤੇ ਸਬੰਧੀ ਜਾਣਕਾਰੀ ਕਾਇਮ ਰੱਖਣ ਵਿੱਚ ਅਸਫ਼ਲ ਹੋਣ, ਸਮੇਤ ਫ਼ਾਇਲ 'ਤੇ ਅਵੈਧ ਜਾਂ ਮਿਆਦ ਪੁੱਗੀ ਭੁਗਤਾਨ ਵਿਧੀ ਵੀ ਸ਼ਾਮਿਲ ਹੈ; ਇਸ ਵਿੱਚ ਨਿਊਨਤਮ ਉਮਰ ਦੀ ਲੋੜ ਨਾ ਪੂਰੀ ਕਰਨ ਵਾਲੇ ਵਿਅਕਤੀ ਨੂੰ ਆਪਣਾ ਖਾਤਾ ਵਰਤਣ ਦੇਣਾ, ਜਾਂ ਆਪਣੀ ਨਿਊਨਤਮ ਉਮਰ ਦੀ ਜ਼ਰੂਰਤ ਪੂਰੀ ਨਾ ਕਰਨਾ ਸ਼ਾਮਿਲ ਹੈ।

**ਭੇਦਭਾਵ**

ਊਬਰ ਦੀ ਕਿਸੇ ਤਰ੍ਹਾਂ ਦੇ ਭੇਦਭਾਵ ਪ੍ਰਤੀ ਪੂਰੀ ਅਸਹਿਨਸ਼ੀਲਤਾ ਦੀ ਪਲਿਸੀ ਹੈ। ਜਿਸਦਾ ਅਰਥ ਹੈ ਕਿ ਜੇ ਤੁਸੀਂ ਡਰਾਇਵਰਾਂ ਜਾਂ ਦੂਜੀਆਂ ਸਵਾਰੀਆਂ ਨਾਲ ਉਹਨਾਂ ਦੀ ਨਸਲ, ਜਾਤੀ, ਧਰਮ ਰਾਸ਼ਟਰੀ ਮੂਲ, ਅਯੋਗਤਾ, ਲੈਂਗਿਕ ਅਨੁਕੂਲਨ, ਲਿੰਗ, ਵਿਆਹੁਤਾ ਸਥਿਤੀ, ਲਿੰਗ ਦੀ ਪਹਿਚਾਣ, ਉਮਰ ਜਾਂ ਲਾਗੂ ਕਾਨੂੰਨ ਦੇ ਤਹਿਤ ਸੁਰੱਖਿਅਤ ਕਿਸੇ ਹੋਰ ਵਿਸ਼ੇਸ਼ਤਾ ਦੇ ਆਧਾਰ 'ਤੇ ਭੇਦਭਾਵ ਕਰਦੇ ਪਾਏ ਜਾਂਦੇ ਹੋ, ਤਾਂ ਇਸਦਾ ਅਰਥ ਹੈ ਕਿ ਤੁਸੀਂ ਆਪਣੇ ਖਾਤੇ ਦੀ ਵਰਤੋਂ ਗਵਾ ਦੇਵੋਗੇ।

**ਧੋਖਾ ਜਾਂ ਅਣਉਚਿਤ ਵਿਹਾਰ**

ਧੋਖਾ ਜਾਂ ਅਣਉਚਿਤ ਵਿਹਾਰਉਹ ਭਰੋਸਾ ਖ਼ਤਮ ਕਰ ਦਿੰਦਾ ਹੈ ਜਿਸ 'ਤੇ ਊਬਰ ਸਥਾਪਿਤ ਹੈ। ਅਸੀਂ ਅਣਉਚਿਤ ਪ੍ਰੋਮੋਸ਼ਨਾਂ; ਰਾਇਡਰ ਅਤੇ ਡਰਾਇਵਰ ਵਿੱਚ ਮਿਲੀ ਭੁਗਤ; ਧੋਖੇਬਾਜ਼ੀ ਜਾਂ ਅਣਉਚਿਤ ਕਾਰਨਾਂ ਕਰਕੇ ਵਿਵਾਦਪੂਰਨ ਕਿਰਾਏ; ਜਾਂ ਡੁਪਲੀਕੇਟ ਖਾਤਿਆਂ ਸਮੇਤ ਇਸ ਪ੍ਰਕਾਰ ਦੀ ਗਤੀਵਿਧੀ ਨਾਲ ਜੁੜੇ ਕਿਸੇ ਵੀ ਖਾਤੇ (ਆਂ) ਨੂੰ ਡੀਐਕਟੀਵੇਟ ਕਰ ਸਕਦੇ ਹਾਂ।

**ਹਥਿਆਰਾਂ 'ਤੇ ਪ੍ਰਤੀਬੰਧ**

ਐਪ ਵਰਤ ਕੇ ਊਬਰ ਦੇ ਨਾਲ ਜੁੜੀ ਗੱਡੀ ਵਿੱਚ ਸਵਾਰੀਆਂ ਅਤੇ ਡਰਾਇਵਰਾਂ ਦੁਆਰਾ ਹਥਿਆਰ ਨਾਲ ਲੈ ਜਾਣ ਦੀ ਸਖ਼ਤ ਮਨ੍ਹਾਂਹੀ ਹੈ। ਤੁਸੀਂ ਇੱਥੇ ਸਾਡੀ ਹਥਿਆਰਾਂ ਦੀ ਮਨ੍ਹਾਂਹੀ ਸਬੰਧੀ ਪਾਲਿਸੀ ਬਾਰੇ ਹੋਰ ਜਾਣਕਾਰੀ ਲੈ ਸਕਦੇ ਹੋ। [2] ਜੇ ਤੁਸੀਂ ਊਬਰ ਦੀ ਹਥਿਆਰਾਂ ਦੀ ਮਨ੍ਹਾਂਹੀ ਸਬੰਧੀ ਪਾਲਿਸੀ ਦੀ ਉਲੰਘਣਾ ਕਰਦੇ ਹੋ, ਤਾਂ ਤੁਸੀਂ ਊਬਰ ਦੀ ਸੇਵਾ ਗਵਾ ਸਕਦੇ ਹੋ।

---

**ਡਰਾਇਵਰ ਊਬਰ** ਦੀ **ਸੇਵਾ ਕਿਉਂ ਗਵਾ ਸਕਦੇ ਹਨ**

ਜੇਕਰ ਤੁਸੀਂ ਇੱਕ ਡਰਾਇਵਰ ਹੋ, ਅਤੇ ਤੁਹਾਡਾ ਖਾਤਾ ਅਸਥਾਈ ਤੌਰ 'ਤੇ ਬਲਾੱਕ ਕੀਤਾ ਗਿਆ ਹੈ ਜਾਂ ਡੀਐਕਟੀਵੇਟ ਕੀਤਾ ਗਿਆ ਹੈ, ਤਾਂ ਇਹ ਤੁਹਾਡੀ ਕਮਾਉਣ ਦੀ ਯੋਗਤਾ ਨੂੰ ਵੀ ਸੀਮਿਤ ਕਰਦਾ ਹੈ। ਇਸ ਲਈ ਸਾਡਾ ਮੰਨਣਾ ਹੈ ਕਿ ਅਜਿਹੀਆਂ ਸਪੱਸ਼ਟ ਪਾਲਿਸੀਆਂ ਹੋਣਾ ਜਰੂਰੀ ਹੈ ਜੋ ਉਹਨਾਂ ਸਥਿਤੀਆਂ ਬਾਰੇ ਦੱਸਦੀਆਂ ਹੋਣ ਜਿਹਨਾਂ ਵਿੱਚ ਤੁਹਾਨੂੰ ਊਬਰ ਦੀ ਵਰਤੋਂ ਕਰਨ ਤੋਂ ਰੋਕਿਆ

ਜਾ ਸਕਦਾ ਹੈ; ਕਿਵੇਂ (ਜੇ ਥੋੜ੍ਹਾ ਜਿਹਾ ਵੀ) ਤੁਸੀਂ ਐਪ ਦੀ ਦੁਬਾਰਾ ਵਰਤੋਂ ਕਰ ਸਕਦੇ ਹੋ; ਅਤੇ ਜੇ ਤੁਸੀਂ ਇਹਨਾਂ ਨਿਰਣਾ ਵਿਰੁੱਧ ਅਪੀਲ ਕਰ ਸਕਦੇ ਹੋ। [2]

ਹਮੇਸ਼ਾ ਅਸੰਭਾਵਿਤ ਘਟਨਾਵਾਂ ਵੀ ਹੋਣਗੀਆਂ ਜੋ ਅੰਤ ਵਿੱਚ ਤੁਹਾਡੇ ਡਰਾਇਵਰ ਖਾਤੇ ਦੀ ਵਰਤੋਂ ਤੋਂ ਰੋਕ ਸਕਦੀਆਂ ਹਨ – ਅਤੇ ਅਸੀਂ ਇਸ ਪਾਲਿਸੀ ਨੂੰ ਨਿਯਮਿਤ ਤੌਰ ‘ਤੇ ਅਪਡੇਟ ਕਰਾਂਗੇ – ਪਰ ਹੇਠਾਂ ਊਬਰ ਦੁਆਰਾ ਕਵਾਲਿਟੀ; ਸੁਰੱਖਿਆ; ਧੋਖਾ; ਅਤੇ ਭੇਦਭਾਵ ਵਿਰੁੱਧ ਕਾਰਵਾਈ ਕਰਨ ਲਈ ਉਚਿਤ ਕਾਰਨ ਦਿੱਤੇ ਹਨ। [3]

**ਕਵਾਲਿਟੀ**

ਉਹ ਊਬਰ ਵਰਤਣ ਵਾਲੀਆਂ ਸਵਾਰੀਆਂ ਆਪਣੇ ਡਰਾਇਵਰਾਂ ਤੋਂ ਸੁਰੱਖਿਅਤ ਡਰਾਇਵਿੰਗ ਦੇ ਨਾਲ-ਨਾਲ ਸ਼ਿਸ਼ਟਾਪੂਰਨ ਅਤੇ ਪੇਸ਼ੇਵਰ ਵਿਹਾਰ ਦੀ ਉਮੀਦ ਵੀ ਕਰਦੀਆਂ ਹਨ। ਸੇਵਾ ਦੀ ਜਿੰਨੀ ਉੱਚੀ ਕਵਾਲਿਟੀ ਹੋਵੇ, ਉਂਨੀਆਂ ਹੀ ਜ਼ਿਆਦਾ ਸਵਾਰੀਆਂ ਯਾਤਰਾ ਕਰਨਾ ਚਾਹੁਣਗੀਆਂ; ਜਿਸਦਾ ਨਤੀਜਾ ਡਰਾਇਵਰਾਂ ਨੂੰ ਪੈਸੇ ਕਮਾਉਣ ਦੇ ਜ਼ਿਆਦਾ ਮੌਕੇ ਮਿਲਣਾ ਹੋਵੇਗਾ। ਖ਼ਰਾਬ ਸੇਵਾ ਦਾ ਜ਼ਿਆਦਾ ਸਮੇਂ ਤੱਕ ਵਿਪਰੀਤ ਪ੍ਰਭਾਵ ਪੈਂਦਾ ਹੈ।

ਅਜਿਹੇ ਕਈ ਤਰੀਕੇ ਹਨ ਜਿਹਨਾਂ ਨਾਲ ਅਸੀਂ ਡਰਾਇਵਰ ਦੀ ਕਵਾਲਿਟੀ ਦਾ ਪਤਾ ਲਗਾ ਸਕਦੇ ਹਾਂ, ਸਭ ਤੋਂ ਮਹੱਤਵਪੂਰਨ ਸਟਾਰ ਰੇਟਿੰਗਾਂ, ਕੈਂਸਲੇਸ਼ਨ ਦਰ, ਅਤੇ ਸਵੀਕ੍ਰਿਤੀ ਦਰ ਹਨ:

***ਸਟਾਰ ਰੇਟਿੰਗਾਂ***

ਹਰ ਯਾਤਰਾ ਤੋਂ ਬਾਅਦ, ਡਰਾਇਵਰ ਅਤੇ ਸਵਾਰੀਆਂ ਇੱਕ ਤੋਂ ਪੰਜ ਸਟਾਰ ਦੇ ਪੈਮਾਨੇ ‘ਤੇ ਇੱਕ-ਦੂਜੇ ਨੂੰ ਰੇਟਿੰਗ ਦੇਣ ਦੇ ਨਾਲ-ਨਾਲ ਕੀਤੀ ਯਾਤਰਾ ‘ਤੇ ਫੀਡਬੈਕ ਦਿੰਦੇ ਹਨ। ਇਹ ਦੋ – ਤਰਫ਼ਾ ਸਿਸਟਮ ਹਰੇਕ ਨੂੰ ਉਸਦੇ ਵਿਹਾਰ ਲਈ ਜ਼ਿੰਮੇਵਾਰ ਬਣਾਉਂਦਾ ਹੈ। ਜ਼ਿੰਮੇਵਾਰੀ ਡਰਾਇਵਰਾਂ ਅਤੇ ਸਵਾਰੀਆਂ ਦੋਵਾਂ ਦੀ ਸਨਮਾਨਜਨਕ, ਸੁਰੱਖਿਅਤ ਵਾਤਾਵਰਣ ਤਿਆਰ ਕਰਨ ਵਿੱਚ ਮਦਦ ਕਰਦੀਆਂ ਹਨ। ਡਰਾਇਵਰ ਊਬਰ ਪਾਰਟਨਰ ਐਪ ਦੀ ਰੇਟਿੰਗਸ ਟੈਬ ਵਿੱਚ ਆਪਣੀ ਵਰਤਮਾਨ ਰੇਟਿੰਗ ਦੇਖ ਸਕਦੇ ਹਨ।

*ਇੱਕ ਡਰਾਇਵਰ ਦੇ ਤੌਰ ‘ਤੇ ਮੇਰੀ ਰੇਟਿੰਗ ਦੀ ਗਣਨਾ ਕਿਵੇਂ ਹੁੰਦੀ ਹੈ?* ਤੁਹਾਡੀ ਰੇਟਿੰਗ ਤੁਹਾਡੀਆਂ ਪਿਛਲੀਆਂ 500 ਰੇਟਿਡ ਯਾਤਰਾਵਾਂ ਤੱਕ, ਸਵਾਰੀਆਂ ਦੁਆਰਾ ਦਿੱਤੇ ਸਟਾਰਾਂ (1 ਤੋਂ 5 ਸਟਾਰ ਤੱਕ) ਦੀ ਸੰਖਿਆ ਜਾਂ ਜੇ 500 ਤੋਂ ਘੱਟ ਯਾਤਰਾਵਾਂ ਹਨ, ਤਾਂ ਤੁਹਾਡੇ ਦੁਆਰਾ ਕੀਤੀਆਂ ਰੇਟਿਡ ਯਾਤਰਾਵਾਂ ਦੀ ਸੰਖਿਆ ਦੇ ਔਸਤ ਦੇ ਆਧਾਰ ‘ਤੇ ਕੀਤੀ ਜਾਂਦੀ ਹੈ।

ਔਸਤ ਰੇਟਿੰਗ ਉੱਚੀ ਰੱਖਣ ਦਾ ਸਭ ਤੋਂ ਆਸਾਨ ਤਰੀਕਾ ਹਰ ਯਾਤਰਾ ‘ਤੇ ਚੰਗੀ ਸੇਵਾ ਪ੍ਰਦਾਨ ਕਰਨਾ ਹੈ। ਊਬਰ ਵਰਤਣ ਵਾਲੇ ਡਰਾਇਵਰ ਆਮ ਤੌਰ ‘ਤੇ ਬਿਹਤਰੀਨ ਸੇਵਾ ਪ੍ਰਦਾਨ ਕਰਦੇ ਹਨ, ਇਸ ਲਈ ਜ਼ਿਆਦਾਤਰ ਯਾਤਰਾਵਾਂ ਸਹੀ ਹੁੰਦੀਆਂ ਹਨ। ਪਰ ਸਾਨੂੰ ਪਤਾ ਹੈ ਕਿ ਕਈ ਵਾਰ ਯਾਤਰਾ ਚੰਗੀ ਨਹੀਂ ਰਹਿੰਦੀ —ਇਸ ਲਈ ਅਸੀਂ ਤੁਹਾਡੀਆਂ ਹਾਲ ਹੀ ਦੀਆਂ 500 ਯਾਤਰਾਵਾਂ (ਜਾਂ ਜੇ 500 ਤੋਂ ਘੱਟ ਹੋਣ, ਤਾਂ ਤੁਹਾਡੀਆਂ ਰੇਟਿਡ ਯਾਤਰਾਵਾਂ ਦੀ ਗਿਣਤੀ) ਵਿੱਚ ਤੁਹਾਡੀ ਔਸਤ ਰੇਟਿੰਗ ਦੇਖੀ ਜਾਂਦੀ ਹੈ। ਇਹ ਤੁਹਾਨੂੰ ਸਮੇਂ ਅਨੁਸਾਰ ਸੁਧਰਨ ਦਾ ਮੌਕਾ ਦਿੰਦੀ ਹੈ।

*ਕਿਸ ਕਾਰਨ ਤੁਸੀਂ ਖਾਤੇ ਦੀ ਵਰਤੋਂ ਗਵਾ ਸਕਦੇ ਹੋ?* ਹਰੇਕ ਸ਼ਹਿਰ ਵਿੱਚ ਨਿਊਨਤਮ ਔਸਤਨ ਰੇਟਿੰਗ ਹੁੰਦੀ ਹੈ। ਇਹ ਇਸ ਲਈ ਹੁੰਦਾ ਹੈ ਕਿਉਂਕਿ ਵੱਖ-ਵੱਖ ਸ਼ਹਿਰਾਂ ਦੇ ਇੱਕ-ਦੂਜੇ ਨੂੰ ਰੇਟਿੰਗ ਕਰਨ ਵਾਲੇ ਲੋਕਾਂ ਦੇ ਤਰੀਕੇ ਵਿੱਚ ਸੱਭਿਆਚਾਰਕ ਅੰਤਰ ਹੁੰਦੇ ਹਨ। ਜੇ ਤੁਹਾਡੀ ਰੇਟਿੰਗ ਇਸ ਸੀਮਾ 'ਤੇ ਹੈ, ਤਾਂ ਅਸੀਂ ਤੁਹਾਨੂੰ ਸਮੇਂ-ਸਮੇਂ 'ਤੇ ਸਾਵਧਾਨ ਕਰਾਂਗੇ ਅਤੇ ਤੁਹਾਨੂੰ ਕਵਾਲਿਟੀ ਸੁਧਾਰ ਕੋਰਸਾਂ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ, ਜੋ ਸੁਧਾਰ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਹਾਲਾਂਕਿ, ਜੇ ਔਸਤ ਰੇਟਿੰਗ ਅਨੇਕਾਂ ਨੋਟੀਫਿਕੇਸ਼ਨਾਂ ਦੇ ਬਾਅਦ ਵੀ ਨਿਊਨਤਮ ਸੀਮਾ ਤੋਂ ਘੱਟ ਰਹਿੰਦੀ ਹੈ, ਤਾਂ ਤੁਹਾਨੂੰ ਆਪਣਾ ਖਾਤਾ ਵਰਤਣ ਤੋਂ ਰੋਕ ਦਿੱਤਾ ਜਾਵੇਗਾ।

**ਕੈਂਸਲੇਸ਼ਨ ਦਰ**

ਡਰਾਇਵਰ ਕੈਂਸਲੇਸ਼ਨ ਉਦੋਂ ਹੁੰਦੀ ਹੈ ਜਦੋਂ ਤੁਸੀਂ ਯਾਤਰਾ ਦੀ ਬੇਨਤੀ ਸਵੀਕਾਰ ਕਰਨ ਤੋਂ ਬਾਅਦ ਫਿਰ ਕੈਂਸਲ ਕਰ ਦਿੰਦੇ ਹੋ। ਕੈਂਸਲੇਸ਼ਨਾਂ ਖ਼ਰਾਬ ਸਵਾਰੀ ਅਨੁਭਵ ਪੈਦਾ ਕਰਦੀਆਂ ਹਨ ਅਤੇ ਦੂਜੇ ਡਰਾਇਵਰਾਂ 'ਤੇ ਨਕਾਰਾਤਮਕ ਪ੍ਰਭਾਵ ਪਾਉਂਦੀਆਂ ਹਨ। ਅਸੀਂ ਸਮਝਦੇ ਹਾਂ ਕਿ ਅਜਿਹੇ ਸਮੇਂ ਵੀ ਆ ਸਕਦੇ ਹਨ ਜਦੋਂ ਕੋਈ ਅਜਿਹੀ ਘਟਨਾ ਹੁੰਦੀ ਹੈ ਅਤੇ ਤੁਹਾਨੂੰ ਸਵੀਕ੍ਰਿਤ ਯਾਤਰਾ ਕੈਂਸਲ ਕਰਨੀ ਪੈਂਦੀ ਹੈ। ਪਰ ਸਿਸਟਮ ਦੀ ਭਰੋਸਾਯੋਗਤਾ ਲਈ ਘੱਟੋ-ਘੱਟ ਕੈਂਸਲੇਸ਼ਨ ਮਹੱਤਵਪੂਰਨ ਹੁੰਦੀ ਹੈ

ਮੇਰੇ ਕੈਂਸਲੇਸ਼ਨ ਦਰ ਦੀ ਗਣਨਾ (ਕੈਲਕੁਲੇਸ਼ਨ) ਕਿਵੇਂ ਹੁੰਦੀ ਹੈ? ਤੁਹਾਡੀ ਕੈਂਸਲੇਸ਼ਨ ਦਰ ਤੁਹਾਡੇ ਦੁਆਰਾ ਸਵੀਕਾਰ ਯਾਤਰਾਵਾਂ ਦੀ ਕੁੱਲ ਸੰਖਿਆ ਵਿੱਚੋਂ ਕੈਂਸਲ ਕੀਤੀਆਂ ਯਾਤਰਾਵਾਂ ਦੀ ਸੰਖਿਆ ਦੇ ਆਧਾਰ 'ਤੇ ਹੁੰਦੀ ਹੈ। (ਉਦਾਹਰਨ ਲਈ, ਜੇ ਤੁਸੀਂ 100 ਯਾਤਰਾਵਾਂ ਸਵੀਕਾਰ ਕਰਦੇ ਹੋ ਅਤੇ ਉਹਨਾਂ ਵਿੱਚੋਂ 4 ਕੈਂਸਲ ਕਰਦੇ ਹੋ, ਤਾਂ ਤੁਹਾਡੀ ਕੈਂਸਲੇਸ਼ਨ ਦਰ 4% ਹੋਵੇਗੀ) ਹਾਈ ਕਵਾਲਿਟੀ ਦੇ ਡਰਾਇਵਰਾਂ ਦੀ ਕੈਂਸਲੇਸ਼ਨ ਦਰ 5% ਨਾਲੋਂ ਘੱਟ ਹੁੰਦੀ ਹੈ।

*ਕਿਸ ਕਾਰਨ ਤੁਸੀਂ ਖਾਤੇ ਦੀ ਵਰਤੋਂ ਗਵਾ ਸਕਦੇ ਹੋ?* ਉਸ ਖੇਤਰ ਦੇ ਡਰਾਇਵਰਾਂ ਦੀ ਔਸਤਨ ਕੈਂਸਲੇਸ਼ਨ ਦਰ ਦੇ ਆਧਾਰ 'ਤੇ ਹਰ ਸ਼ਹਿਰ ਵਿੱਚ ਅਧਿਕਤਮ ਕੈਂਸਲੇਸ਼ਨ ਦਰ ਹੁੰਦੀ ਹੈ। ਜੇ ਕੈਂਸਲੇਸ਼ਨ ਦਰ ਬਹੁਤ ਜ਼ਿਆਦਾ ਹੈ ਜਾਂ ਆਪਣੇ ਸ਼ਹਿਰ ਦੇ ਹੋਰ ਡਰਾਇਵਰਾਂ ਨਾਲੋਂ ਜ਼ਿਆਦਾ ਨਿਰੰਤਰ ਕੈਂਸਲ ਕਰ ਰਹੇ ਹੋ, ਤਾਂ ਅਸੀਂ ਤੁਹਾਨੂੰ ਅਨੇਕਾਂ ਵਾਰ ਅਲਰਟ ਭੇਜਾਂਗੇ, ਜਿਸ ਤੋਂ ਬਾਅਦ ਤੁਸੀਂ ਐਪ ਤੋਂ ਲਾੱਗਆਊਟ ਕਰ ਸਕਦੇ ਹੋ। ਜੇ ਤੁਹਾਡੀ ਕੈਂਸਲੇਸ਼ਨ ਦਰ ਅਧਿਕਤਮ ਸੀਮਾ ਨੂੰ ਲਗਾਤਾਰ ਪਾਰ ਕਰਦੀ ਹੈ, ਤਾਂ ਤੁਸੀਂ ਆਪਣੇ ਖਾਤੇ ਦੀ ਵਰਤੋਂ ਗਵਾ ਸਕਦੇ ਹੋ।

**ਸਵੀਕ੍ਰਿਤੀ ਦਰਾਂ**

ਉੱਚ ਸਵੀਕ੍ਰਿਤੀ ਦਰਾਂ ਭਰੋਸੇਮੰਦ, ਉੱਚ-ਕਵਾਲਿਟੀ ਦੀ ਵਰਤੋਂ ਦਾ ਮਹੱਤਵਪੂਰਨ ਹਿੱਸਾ ਹੁੰਦੀਆਂ ਹਨ। ਅਸੀਂ ਸਮਝਦੇ ਹਾਂ ਕਿ ਅਜਿਹੇ ਕੁਝ ਸਮੇਂ ਹੋ ਸਕਦੇ ਹਨ ਜਦੋਂ ਕੋਈ ਕੰਮ ਪੈ ਜਾਂਦਾ ਹੈ ਅਤੇ ਤੁਸੀਂ ਯਾਤਰਾ ਸਵੀਕਾਰ ਨਹੀਂ ਕਰ ਪਾਉਂਦੇ। ਪਰ ਵੱਧ ਤੋਂ ਵੱਧ ਸਵੀਕ੍ਰਿਤੀ ਸਿਸਟਮ ਦੇ ਭਰੋਸਾਯੋਗਤਾ ਲਈ ਜਰੂਰੀ ਹੁੰਦੀ ਹੈ।

ਲਗਾਤਾਰ ਯਾਤਰਾ ਸਬੰਧੀ ਬੇਨਤੀਆਂ ਸਵੀਕਾਰ ਕਰਨ ਨਾਲ ਡਰਾਇਵਰਾਂ ਨੂੰ ਜ਼ਿਆਦਾ ਕਮਾਈ ਕਰਨ ਵਿੱਚ ਅਤੇ ਸਿਸਟਮ ਨੂੰ ਵਧੀਆਂ ਤਰੀਕੇ ਨਾਲ ਚਲਾਉਣ ਵਿੱਚ ਮਦਦ ਮਿਲਦੀ ਹੈ। ਸਾਨੂੰ ਪਤਾ ਹੈ ਕਿ ਕਈ ਵਾਰ ਅਜਿਹੀਆਂ ਘਟਨਾਵਾਂ ਹੁੰਦੀਆਂ ਹਨ ਜੋ ਤੁਹਾਨੂੰ ਯਾਤਰਾ ਸਬੰਧੀ ਹਰ ਬੇਨਤੀ ਸਵੀਕਾਰ ਕਰਨ ਤੋਂ ਰੋਕਦੀਆਂ ਹਨ, ਜਾਂ ਤੁਸੀਂ ਬ੍ਰੇਕ ਲੈਣ ਦੀ ਇੱਛਾ ਰੱਖ ਸਕਦੇ ਹੋ। ਪਰ ਡਿਸਪੈਚ ਸਵੀਕਾਰ ਨਾ ਕਰਨ ਕਾਰਨ ਦੇਰੀਆਂ ਹੁੰਦੀਆਂ ਹਨ ਅਤੇ ਸਿਸਟਮ ਦਾ ਭਰੋਸਾ ਘੱਟਦਾ ਹੈ। ਜੇ ਤੁਸੀਂ ਯਾਤਰਾ ਸਵੀਕਾਰ ਨਹੀਂ ਕਰਨਾ ਚਾਹੁੰਦੇ, ਤਾਂ ਬਸ ਲਾੱਗ ਆੱਫ਼ ਕਰ ਦਿਓ।

ਜੇ ਤੁਸੀਂ ਲਗਾਤਾਰ ਯਾਤਰਾ ਸਬੰਧੀ ਬੇਨਤੀਆਂ ਅਸਵੀਕਾਰ ਕਰਦੇ ਹੋ, ਤਾਂ ਅਸੀਂ ਸਮਝਾਂਗੇ ਕਿ ਤੁਸੀਂ ਹੋਰ ਯਾਤਰਾਵਾਂ ਸਵੀਕਾਰ ਨਹੀਂ ਕਰਨਾ ਚਾਹੁੰਦੇ ਅਤੇ ਤੁਸੀਂ ਨਿਸ਼ਚਿਤ ਸਮੇਂ ਲਈ ਐਪ ਵਿੱਚੋਂ ਲਾੱਗ ਆਊਟ ਕਰ ਸਕਦੇ ਹੋ। ਇਸ ਨਾਲ ਇਹ ਯਕੀਨੀ ਹੁੰਦਾ ਹੈ ਕਿ ਜਿਹੜੇ ਡਰਾਇਵਰ ਔਨਲਾਇਨ ਹਨ, ਉਹ ਯਾਤਰਾਵਾਂ ਸਵੀਕਾਰ ਕਰਨ ਲਈ ਤਿਆਰ ਹਨ। ਇਹ ਸਿਸਟਮ ਦੀ ਕਵਾਲਿਟੀ ਸੁਰੱਖਿਅਤ ਰੱਖਦਾ ਹੈ ਕਿਉਂਕਿ ਸਵਾਰੀਆਂ ਨੂੰ ਮੌਜੂਦ ਡਰਾਇਵਰਾਂ ਨਾਲ ਕੁਸ਼ਲਤਾ ਨਾਲ ਮਿਲਾਇਆ ਜਾ ਸਕਦਾ ਹੈ।

## ਸੁਰੱਖਿਆ

ਊਬਰ ਡਰਾਇਵਰਾਂ ਅਤੇ ਸਵਾਰੀਆਂ ਨੂੰ ਸੁਰੱਖਿਅਤ ਰੱਖਣ ਲਈ ਟੈਕਨੋਲੋਜੀ ਦੀ ਵਰਤੋਂ ਕਰਦਾ ਹੈ, ਜਿਵੇਂ ਕਿ ਹਰ ਰਾਇਡ 'ਤੇ ਜੀਪੀਐਸ-ਟਰੈਕਿੰਗ ਨਾਲ ਸਵਾਰੀਆਂ ਨੂੰ ਆਪਣੇ ਪਰਿਵਾਰਾਂ ਜਾਂ ਦੋਸਤਾਂ ਨਾਲ ਵਾਸਤਵਿਕ ਸਮੇਂ ਵਿੱਚ ਆਪਣੀ ਯਾਤਰਾ ਸਾਂਝੀ ਕਰਨ ਦਿੰਦਾ ਹੈ ।ਇਹ ਸਾਰਾ ਡਰਾਇਵਰਾਂ ਦੀ ਪ੍ਰੀ-ਸਕਰਿਨਿੰਗਾਂ ਦੇ ਜਬਰਦਸਤ ਸਿਸਟਮ ਨਾਲ ਸਮੱਰਥਿਤ ਹੈ। ਸੁਰੱਖਿਆ ਸਬੰਧੀ ਘਟਨਾਵਾਂ ਦੀ ਜਾਂਚ ਕਰਨ ਲਈ ਸਾਡੇ ਕੋਲ ਕਾੱਲ 24/7 'ਤੇ ਇੱਕ ਸਮਰਪਿਤ ਘਟਨਾ ਰਿਸਪਾਂਸ ਟੀਮ ਹੈ।

ਡਰਾਇਵਰਾਂ ਅਤੇ ਸਵਾਰੀਆਂ ਦੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਣ ਵਾਲੇ ਕੰਮਾਂ ਦੀ ਜਾਂਚ ਹੋਵੇਗੀ ਅਤੇ, ਜੇ ਇਹਨਾਂ ਦੀ ਪੁਸ਼ਟੀ ਹੋਈ, ਤਾਂ ਤੁਹਾਡਾ ਖਾਤਾ ਸਥਾਈ ਤੌਰ 'ਤੇ ਡੀਐਕਟੀਵੇਟ ਕਰ ਦਿੱਤਾ ਜਾਵੇਗਾ। ਉਦਾਹਰਨ ਲਈ:

- **ਸਵਾਰੀਆਂ ਨਾਲ ਸਰੀਰਿਕ ਸੰਪਰਕ**
  ਜਿਵੇਂ ਕਿ ਸਾਡੇ ਸਮੁਦਾਇਕ ਨਿਰਦੇਸ਼ਾਂ ਵਿੱਚ ਸਪੱਸ਼ਟ ਕੀਤਾ ਗਿਆ ਹੈ, ਤੁਸੀਂ ਕਾਰ ਵਿੱਚ ਦੂਜੇ ਲੋਕਾਂ ਨੂੰ ਟੱਚ ਨਹੀਂ ਕਰ ਸਕਦੇ ਜਾਂ ਉਹਨਾਂ ਨਾਲ ਛੇੜ-ਛਾੜ ਨਹੀਂ ਕਰ ਸਕਦੇ। ਰਿਮਾਇੰਡਰ ਦੇ ਤੌਰ 'ਤੇ ਊਬਰ ਦਾ ਸੈਕਸ ਸਬੰਧੀ ਕੋਈ ਨਿਯਮ ਨਹੀਂ ਹੈ। ਸਵਾਰੀਆਂ ਨਾਲ ਕੋਈ ਲੈਂਗਿਕ ਸਬੰਧ ਨਹੀਂ ਰੱਖਿਆ ਜਾ ਸਕਦਾ, ਚਾਹੇ ਕੁਝ ਵੀ ਹੋਵੇ। ਅਤੇ ਤੁਸੀਂ ਨਾ ਹੀ ਕਦੇ ਸਵਾਰੀ ਨੂੰ ਮਾਰੋਗੇ ਨਾ ਹੀ ਕੋਈ ਹੋਰ ਨੁਕਸਾਨ ਪਹੁੰਚਾਓਗੇ।
- **ਅਣਉਚਿਤ ਅਤੇ ਅਪਮਾਨਜਨਕ ਭਾਸ਼ਾ ਜਾਂ ਇਸ਼ਾਰਿਆਂ ਦੀ ਵਰਤੋਂ**
  ਉਦਾਹਰਨ ਲਈ, ਨਿੱਜੀ ਸਵਾਲ ਪੁੱਛਣਾ; ਜ਼ੁਬਾਨੀ ਧਮਕੀਆਂ ਦੇਣਾ, ਅਤੇ ਅਕਰਾਮਕ, ਲੈਂਗਿਕ, ਭੇਦਭਾਵਪੂਰਨ ਜਾਂ ਅਪਮਾਨਜਨਕ ਟਿੱਪਣੀਆਂ ਜਾਂ ਇਸ਼ਾਰੇ ਕਰਨਾ।
- **ਯਾਤਰਾ ਪੂਰੀ ਹੋਣ ਤੋਂ ਬਾਅਦ ਸਵਾਰੀਆਂ ਨਾਲ ਅਣਇੱਛੁਤ ਸੰਪਰਕ**
  ਉਦਾਹਰਨ ਲਈ ਯਾਤਰਾ ਪੂਰੀ ਹੋਣ ਤੋਂ ਬਾਅਦ ਕਿਸੇ ਸਵਾਰੀ ਨੂੰ ਮੈਸੇਜ ਭੇਜਣਾ, ਕਾੱਲ ਕਰਨਾ, ਜਾਂ ਮਿਲਣ ਲਈ ਜਾਣਾ।
- **ਊਬਰ ਵਰਤਦੇ ਹੋਏ ਸਥਾਨਕ ਕਾਨੂੰਨ ਤੋੜਣਾ**
  ਉਦਾਹਰਨ ਲਈ, ਡਰਾਇਵ ਕਰਨ ਦੌਰਾਨ ਮੈਸੇਜ ਭੇਜਣਾ; ਸਪੀਡ ਵਧਾਉਣਾ ਜਾਂ ਸਥਾਨਕ ਟ੍ਰੈਫਿਕ ਨਿਯਮ ਤੋੜਣਾ; ਅਤੇ ਊਬਰ ਦੀ ਸੇਵਾ ਦੀ ਵਰਤੋਂ ਨਸ਼ੇ ਦੀ ਤਸਕਰੀ ਅਤੇ ਮਨੁੱਖੀ ਤਸਕਰੀ ਜਾਂ ਬੱਚਿਆਂ ਦੇ ਲੈਂਗਿਕ ਸੋਸ਼ਣ ਸਮੇਤ ਕੋਈ ਅਪਰਾਧ ਕਰਨ ਲਈ ਕਰਨਾ।
- **ਸੁਰੱਖਿਅਤ ਡਰਾਇਵਿੰਗ**
  ਊਬਰ ਉਮੀਦ ਕਰਦਾ ਹੈ ਕਿ ਹਰ ਸਮੇਂ ਸੁਰੱਖਿਅਤ ਤਰੀਕੇ ਨਾਲ ਡਰਾਇਵ ਕਰਨ ਲਈ ਡਰਾਇਵਰ ਐਪ ਦਾ ਇਸਤੇਮਾਲ ਕਰਨ।

*ਕਿਸ ਕਾਰਨ ਤੁਸੀਂ ਆਪਣੇ ਖਾਤੇ ਦੀ ਵਰਤੋਂ ਗਵਾ ਸਕਦੇ ਹੋ?*ਜੇ ਸਾਨੂੰ ਇਸ ਤਰ੍ਹਾਂ ਦੇ ਸਮੱਸਿਆਤਮਕ ਵਿਹਾਰ ਦੀ ਜਾਣਕਾਰੀ ਮਿਲਦੀ ਹੈ, ਤਾਂ ਅਸੀਂ ਤੁਹਾਡੇ ਨਾਲ ਸੰਪਰਕ ਕਰਾਂਗੇ ਤਾਂ ਜੋ ਅਸੀਂ ਉਹਨਾਂ ਦੀ ਜਾਂਚ ਕਰ ਸਕੀਏ। ਮੁੱਦੇ ਦੀ ਪ੍ਰਕਿਰਤੀ ਦੇ ਆਧਾਰ 'ਤੇ, ਅਸੀਂ ਸਾਡੀ ਜਾਂਚ ਦੌਰਾਨ ਤੁਹਾਡੇ ਖਾਤੇ ਨੂੰ ਰੋਕ ਕੇ ਰੱਖ ਸਕਦੇ ਹਾਂ। ਜੇ ਉਠਾਏ ਗਏ ਮੁੱਦੇ ਗੰਭੀਰ ਹਨ ਜਾਂ ਕਿਸੇ ਅਪਰਾਧ ਨੂੰ ਦੁਹਰਾਉਂਦੇ ਹਨ, ਜਾਂ ਤੁਸੀਂ ਸਹਿਯੋਗ ਕਰਨ ਤੋਂ ਇਨਕਾਰ ਕਰਦੇ ਹੋ, ਤਾਂ ਤੁਸੀਂ ਊਬਰ ਦੀ ਸੇਵਾ ਗਵਾ ਸਕਦੇ ਹੋ। ਊਬਰ ਵਰਤਣ ਸਮੇਂ ਹਿੰਸਾ, ਲੈਂਗਿਕ ਦੁਰਵਿਹਾਰ, ਉਤਪੀੜਣ, ਭੇਦਭਾਵ ਜਾਂ ਗੈਰ-ਕਾਨੂੰਨੀ ਕਿਰਿਆ ਸਮੇਤ ਕੋਈ ਵਿਹਾਰ ਦਾ ਨਤੀਜਾ ਤੁਹਾਡੇ ਖਾਤੇ 'ਤੇ ਤੁਰੰਤ ਪਾਬੰਦੀ ਹੋ ਸਕਦਾ ਹੈ। ਊਬਰ ਉਸ ਡਰਾਇਵਰ ਦੇ ਖਾਤੇ ਨੂੰ ਵੀ ਡੀਐਕਟੀਵੇਟ ਕਰੇਗਾ ਜਿਸ ਬਾਰੇ ਊਬਰ ਐਪ ਵਰਤਦੇ ਸਮੇਂ ਖ਼ਰਾਬ, ਅਸੁਰੱਖਿਅਤ ਜਾਂ ਭਰਮਾਊ ਡਰਾਇਵਿੰਗ ਦੀਆਂ ਅਨੇਕਾਂ ਜਾਂ ਗੰਭੀਰ ਸ਼ਿਕਾਇਤਾਂ ਮਿਲਦੀਆਂ ਹਨ। ਇਸ ਤੋਂ ਇਲਾਵਾ, ਜਦੋਂ ਕਾਨੂੰਨ ਦਾ ਪਾਲਣ ਸ਼ਾਮਿਲ ਹੁੰਦਾ ਹੈ। ਤਾਂ ਅਸੀਂ ਸਾਡੇ **ਕਾਨੂੰਨ ਪਾਲਣ ਨਿਰਦੇਸ਼ਾਂ** ਦੇ ਅਨੁਸਾਰ ਜਾਂਚ ਵਿੱਚ ਉਹਨਾਂ ਦਾ ਸਹਿਯੋਗ ਦੇਵਾਂਗੇ।

### ਨਸ਼ੇ ਅਤੇ ਸ਼ਰਾਬ ਲਈ ਪੂਰਨ ਅਸਹਿਨਸ਼ੀਲਤਾ

ਊਬਰ ਡਰਾਇਵਿੰਗ ਦੌਰਾਨ ਸਾਂਝੇਦਾਰਾਂ ਦੁਆਰਾ ਨਸ਼ੇ ਜਾਂ ਸ਼ਰਾਬ ਦੀ ਵਰਤੋਂ ਸਹਿਣ ਨਹੀਂ ਕਰਦਾ।

*ਕਿਸ ਕਾਰਨ ਤੁਸੀਂ ਆਪਣੇ ਖਾਤੇ ਦੀ ਵਰਤੋਂ ਗਵਾ ਸਕਦੇ ਹੋ?* ਊਬਰ ਐਪ ਵਰਤਣ ਦੌਰਾਨ ਜੇ ਕਿਸੇ ਵੀ ਖਾਤੇ ਦਾ ਡਰਾਇਵਰ ਨਸ਼ੇ ਜਾਂ ਸ਼ਰਾਬ ਦੇ ਪ੍ਰਭਾਵ ਹੇਠ ਮਿਲਦਾ ਹੈ, ਉਸਦਾ ਖਾਤਾ ਸਥਾਈ ਤੌਰ 'ਤੇ ਡੀਐਕਟੀਵੇਟ ਕਰ ਦਿੱਤਾ ਜਾਵੇਗਾ। ਊਬਰ ਉਸ ਡਰਾਇਵਰ ਦੇ ਖਾਤੇ ਨੂੰ ਵੀ ਡੀਐਕਟੀਵੇਟ ਕਰ ਸਕਦਾ ਹੈ ਜਿਸ ਬਾਰੇ ਨਸ਼ੇ ਜਾਂ ਸ਼ਰਾਬ ਦੀ ਵਰਤੋਂ ਦੀਆਂ ਕਈ ਅਪ੍ਰਮਾਣਿਤ ਸ਼ਿਕਾਇਤਾਂ ਮਿਲਦੀਆਂ ਹਨ।

### ਕਾਨੂੰਨ ਦਾ ਪਾਲਣ

ਅਸੀਂ ਊਬਰ ਐਪ ਵਰਤਣ ਵਾਲੇ ਡਰਾਇਵਰਾਂ ਤੋਂ ਹਰ ਸਮੇਂ ਸਬੰਧਿਤ ਕੇਂਦਰ, ਰਾਜ, ਅਤੇ ਸਥਾਨਕ ਨਿਯਮਾਂ ਅਤੇ ਸੜਕ ਦੇ ਨਿਯਮਾਂ ਦੇ ਪਾਲਣ ਵਿੱਚ ਕੰਮ ਕਰਨ ਦੀ ਉਮੀਦ ਕਰਦੇ ਹਾਂ। ਇਸ ਵਿੱਚ ਆਪਣੇ ਖੇਤਰ ਵਿੱਚ ਡਰਾਇਵਰਾਂ ਅਤੇ ਵਹੀਕਲਾਂ ਦੀਆਂ ਰੈਗੂਲੇਟਰੀ ਲੋੜਾਂ ਪੂਰੀਆਂ ਕਰਨਾ ਵੀ ਸ਼ਾਮਿਲ ਹੈ।

ਕਿਸ ਕਾਰਨ ਤੁਸੀਂ ਆਪਣੇ ਖਾਤੇ ਦੀ ਵਰਤੋਂ ਗਵਾ ਸਕਦੇ ਹੋ? ਊਬਰ ਐਪ ਦੀ ਵਰਤੋਂ ਦੌਰਾਨ ਕੁਝ ਕਿਰਿਆਵਾਂ ਕਰਕੇ ਤੁਹਾਡਾ ਖਾਤਾ ਸਥਾਈ ਤੌਰ 'ਤੇ ਡੀਐਕਟੀਵੇਟ ਕਰ ਸਕਦਾ ਹੈ ਜਿਵੇਂ: ਊਬਰ ਐਪ ਵਰਤਣ ਦੌਰਾਨ ਕਿਸੇ ਗੰਭੀਰ ਗੈਰ-ਕਾਨੂੰਨੀ ਕਿਰਿਆ ਵਿੱਚ ਸ਼ਾਮਿਲ ਹੋਣਾ; ਵੈਧ ਵਹੀਕਲ ਰਜਿਸਟ੍ਰੇਸ਼ਨ ਨਾ ਹੋਣਾ ਜਾਂ ਡਰਾਇਵਰ ਦਾ ਲਾਇਸੈਂਸ ਨਾ ਹੋਣਾ; ਅਤੇ ਗੰਭੀਰ ਟ੍ਰੈਫਿਕ ਪ੍ਰਮਾਣ ਮਿਲਣਾ, ਜਾਂ ਕਈ ਟ੍ਰੈਫਿਕ ਸਬੰਧੀ ਪ੍ਰਮਾਣ ਮਿਲਣਾ ਜੋ ਊਬਰ ਐਪ ਵਰਤਣ ਦੌਰਾਨ ਅਸੁਰੱਖਿਅਤ ਡਰਾਇਵਿੰਗ ਦਾ ਇਸ਼ਾਰਾ ਕਰਦੇ ਹੋਣ।

### ਹਥਿਆਰਾਂ 'ਤੇ ਪਾਬੰਦੀ

ਊਬਰ ਐਪ ਵਰਤਣ ਦੌਰਾਨ ਸਵਾਰੀਆਂ ਅਤੇ ਡਰਾਇਵਰਾਂ ਨੂੰ ਗੱਡੀ ਵਿੱਚ ਹਥਿਆਰ ਰੱਖਣ ਦੀ ਸਖ਼ਤ ਮਨ੍ਹਾਂਹੀ ਹੈ। ਤੁਸੀਂ ਇੱਥੇ ਸਾਡੀ ਹਥਿਆਰਾਂ 'ਤੇ ਪਾਬੰਦੀ ਬਾਰੇ ਪਾਲਿਸੀ ਸਬੰਧੀ ਹੋਰ ਜਾਣਕਾਰੀ ਲੈ ਸਕਦੇ ਹੋ। [1] ਜੇ ਤੁਸੀਂ ਊਬਰ ਦੀ ਹਥਿਆਰਾਂ 'ਤੇ ਪਾਬੰਧੀ ਪਾਲਿਸੀ ਦੀ ਉਲੰਘਣਾ ਕਰਦੇ ਹੋ, ਤਾਂ ਤੁਸੀਂ ਊਬਰ ਦੀ ਸੇਵਾ ਗਵਾ ਸਕਦੇ ਹੋ।

**ਪਿਛੋਕੜ ਦੀ ਜਾਂਚ**

ਊਬਰ ਐਪ ਦੀ ਵਰਤੋਂ ਕਰਨ ਵਾਲੇ ਸਾਰੇ ਡਰਾਇਵਰਾਂ ਨੂੰ ਇੱਕ ਜਾਂਚ ਪ੍ਰਕਿਰਿਆ ਵਿੱਚੋਂ ਗੁਜ਼ਰਣਾ ਪੈਂਦਾ ਹੈ। ਜਿਵੇਂ ਸੁਰੱਖਿਆ ਅਤੇ ਸਾਡੇ ਮਾਨਦੰਡ ਦਾ ਪਾਲਣ ਯਕੀਨੀ ਬਣਾਉਣ ਲਈ ਮੋਟਰ ਵਹੀਕਲ ਰਿਕਾਰਡ ਅਤੇ ਪਿਛੋੜਕ ਦੀ ਜਾਂਚ।

*ਕਿਸ ਕਾਰਨ ਤੁਸੀਂ ਆਪਣੇ ਖਾਤੇ* ਦੀ *ਵਰਤੋਂ ਗਵਾ ਸਕਦੇ ਹੋ?* ਅਸੀਂ ਸਥਾਈ ਤੌਰ 'ਤੇ ਤੁਹਾਡਾ ਖਾਤਾ ਡੀਐਕਟੀਵੇਟ ਕਰ ਦੇਵਾਂਗੇ ਜੇ ਰੁਟੀਨ ਮੋਟਰ ਵਹੀਕਲ ਰਿਕਾਰਡ ਜਾਂ ਪਿਛੋਕੜ ਦੀ ਜਾਂਚ ਵਿੱਚ ਊਬਰ ਦੇ ਸੁਰੱਖਿਆ ਮਾਨਕਾਂ ਦੀ ਉਲੰਘਣਾ ਜਾਂ ਸਥਾਨਕ ਰੈਗੂਲੇਟਰੀ ਦੁਆਰਾ ਜਰੂਰੀ ਕਿਸੇ ਹੋਰ ਮਾਨਦੰਡ ਦੀ ਉਲੰਘਣਾ ਦਾ ਪਤਾ ਚੱਲਦਾ ਹੈ।

**ਅਸਵੀਕ੍ਰਿਤ ਕਿਰਿਆਵਾਂ**

ਉਪਭੋਗਤਾ ਲਈ ਹਰ ਯਾਤਰਾ ਦੀ ਪਾਰਦਰਸ਼ਿਤਾ ਅਤੇ ਸੁਰੱਖਿਆ ਕਾਇਮ ਰੱਖਣ ਲਈ, ਊਬਰ ਦੇ ਸਿਸਟਮ ਤੋਂ ਬਾਹਰ ਹੋਣ ਵਾਲੀਆਂ ਕਿਰਿਆਵਾਂ–ਜਿਵੇਂ ਗੁੰਮਨਾਮ ਪਿਕਅਪਸ – ਦੀ ਮਨ੍ਹਾਂਹੀ ਹੈ।

*ਕਿਸ ਕਾਰਨ ਤੁਸੀਂ ਖਾਤੇ ਦੀ ਵਰਤੋਂ ਗਵਾ ਸਕਦੇ ਹੋ?* ਅਸੀਂ ਕਿਰਿਆਵਾਂ ਜਿਵੇਂ: ਊਬਰ ਐਪ ਵਰਤਦੇ ਹੋਏ ਗੈਰ-ਕਾਨੂੰਨੀ ਸਟ੍ਰੀਟ ਹੇਲਸ ਸਵੀਕਾਰ ਕਰਨ; ਵਪਾਰ ਜਾਂ ਬਰਾਂਡ ਨੂੰ ਨੁਕਸਾਨ ਪਹੁੰਚਾਉਣ, ਜਿਵੇਂ ਊਬਰ ਦੇ ਟਰੇਡਮਾਰਕ ਜਾਂ ਬੌਧਿਕ ਸੰਪੱਤੀ ਦੀ ਅਣਅਧਿਕ੍ਰਿਤ ਵਰਤੋਂ, ਜਾਂ ਊਬਰ ਨਾਲ ਡਰਾਇਵਰਾਂ ਦੇ ਸਮਝੌਤੇ ਦੇ ਉਲੰਘਣਾ ਕਰਨ 'ਤੇ; ਅਤੇ ਊਬਰ ਸਿਸਟਮ ਤੋਂ ਬਾਹਰ ਕਿਰਾਇਆਂ ਦੇ ਭੁਗਤਾਨ ਲਈ ਪ੍ਰਾਰਥਨਾ ਕਰਨ 'ਤੇ ਡਰਾਇਵਰਾਂ ਵਿੱਰੁਧ ਕਾਰਵਾਈ ਕਰਾਂਗੇ।

**ਧੋਖਾ**

ਧੋਖੇਬਾਜ਼ੀ ਦਾ ਕੰਮ ਉਸ ਭਰੋਸੇ ਨੂੰ ਖ਼ਤਮ ਕਰਦਾ ਹੈ ਜਿਸ 'ਤੇ ਊਬਰ ਸਥਾਪਿਤ ਹੈ। ਇਸ ਲਈ ਅਸੀਂ ਸਾਡੇ ਸਿਸਟਮਾਂ ਨਾਲ ਛਲ ਕਰਨ ਵਾਲੀਆਂ ਸਵਾਰੀਆਂ ਅਤੇ ਡਰਾਇਵਰਾਂ ਦੇ ਧੋਖੇ 'ਤੇ ਨਜ਼ਰ ਰੱਖਦੇ ਹਾਂ।

*ਕਿਸ ਕਾਰਨ ਤੁਸੀਂ ਆਪਣੇ ਖਾਤੇ ਦੀ ਵਰਤੋਂ ਗਵਾ ਸਕਦੇ ਹੋ?* ਅਸੀਂ ਧੋਖੇਬਾਜ਼ੀ ਦੀ ਕਿਰਿਆ ਨਾਲ ਜੁੜੇ ਕਿਸੇ ਵੀ ਖਾਤੇ ਜਾਂ ਖਾਤਿਆਂ ਨੂੰ ਡੀਐਕਟੀਵੇਟ ਕਰ ਦੇਵਾਂਗੇ, ਜਿਹਨਾਂ ਵਿੱਚ ਸ਼ਾਮਿਲ ਹੋ ਸਕਦਾ ਹੈ: ਜਾਣ-ਬੁੱਝ ਕੇ ਯਾਤਰਾ ਦਾ ਸਮਾਂ ਅਤੇ ਦੂਰੀ ਵਧਾਉਣਾ; ਪੂਰੀ ਕਰਨ ਦੇ ਇਰਾਦੇ ਬਗੈਰ ਯਾਤਰਾ ਸਵੀਕਾਰ ਕਰਨਾ, ਸਵਾਰੀਆਂ ਨੂੰ ਕੈਂਸਲ ਕਰਨ ਲਈ ਉਕਸਾਉਣਾ; ਧੋਖੇਬਾਜ਼ੀ ਦੇ ਉਦੇਸ਼ਾਂ ਲਈ ਨਕਲੀ ਸਵਾਰੀ ਜਾਂ ਡਰਾਇਵਰ ਖਾਤੇ ਬਣਾਉਣਾ; ਧੋਖੇਬਾਜ਼ੀ ਨਾਲ ਫੀਸ ਜਾਂ ਚਾਰਜਿਜ਼ ਲੈਣਾ, ਜਿਵੇਂ ਗਲਤ ਕਲੀਨਿੰਗ ਫੀਸਾਂ; ਅਤੇ ਜਾਣ-ਬੁੱਝ ਕੇ ਧੋਖੇਬਾਜ਼ੀ ਵਾਲੀਆਂ ਜਾਂ ਮਿਥਿਆਯਾਤਰਾਵਾਂ ਸਵੀਕਾਰ ਕਰਨਾ ਜਾਂ ਪੂਰਾ ਕਰਨਾ।

**ਸਹੀ ਨਿੱਜੀ ਜਾਣਕਾਰੀ**

ਊਬਰ ਐਪ ਸਵਾਰੀਆਂ ਨੂੰ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਡਰਾਇਵਰਾਂ ਅਤੇ ਉਹਨਾਂ ਦੇ ਵਹੀਕਲਾਂ ਬਾਰੇ ਜਾਣਕਾਰੀ ਜਿਵੇਂ ਉਹਨਾਂ ਦਾ ਨਾਮ; ਪ੍ਰੋਫਾਇਲ ਦੀ ਤਸਵੀਰ, ਗੱਡੀ ਦਾ ਮਾਡਲ ਅਤੇ ਲਾਇਸੈਂਸ ਪਲੇਟ ਨੰਬਰ ਦੇਣ ਲਈ ਤਿਆਰ ਕੀਤੀ ਗਈ ਇੱਕ ਐਪ ਹੈ। ਗਲਤ ਜਾਂ ਪੁਰਾਣੀ ਜਾਣਕਾਰੀ ਸਵਾਰੀਆਂ ਵਿਚਕਾਰ ਭਰਮ ਪੈਦਾ ਕਰਦੀ ਹੈ ਅਤੇ ਇਹ ਊਬਰ ਨਾਲ ਉਹਨਾਂ ਦਾ ਅਨੁਭਵ ਖ਼ਰਾਬ ਕਰ ਸਕਦੀ ਹੈ।

*ਕਿਸ ਕਾਰਨ ਤੁਸੀਂ ਆਪਣੇ ਖਾਤੇ ਦੀ ਵਰਤੋਂ ਗਵਾ ਸਕਦੇ ਹੋ?*ਕਿਰਿਆਵਾਂ ਜਿਵੇਂ: ਊਬਰ ਨੂੰ ਗਲਤ ਜਾਣਕਾਰੀ ਦੇਣਾ; ਕਿਸੇ ਦੂਜੇ ਨੂੰ ਆਪਣਾ ਖਾਤਾ ਵਰਤਣ ਦੇਣਾ; ਅਤੇ ਇੱਕ ਗੈਰ-ਮਨਜ਼ੂਰਸ਼ੁਦਾ ਗੱਡੀ ਵਰਤ ਕੇ ਯਾਤਰਾ ਕਰਨ ਲਈ ਅਸੀਂ ਤੁਹਾਡਾ ਖਾਤਾ ਡੀਐਕਟੀਵੇਟ ਕਰ ਦੇਵਾਂਗੇ।

ਇਸ ਤੋਂ ਇਲਾਵਾ, ਅਸੀਂ ਉਸ ਡਰਾਇਵਰ ਨੂੰ ਰੋਕਣ ਲਈ ਕਾਰਵਾਈ ਕਰਾਂਗੇ ਜਿਸਦੇ ਜਰੂਰੀ ਦਸਤਾਵੇਜ਼ ਅਵੈਧ ਹੋ ਜਾਂਦੇ ਹਨ – ਜਿਵੇਂ ਡਰਾਇਵਰ ਦੇ ਲਾਇਸੈਂਸ ਦੀ ਮਿਆਦ ਖ਼ਤਮ ਹੋਣਾ – ਔਨਲਾਇਨ ਹੋਣ ਤੋਂ ਡਰਾਇਵਰ ਦੁਆਰਾ ਅਪਡੇਟਿਡ ਜਾਣਕਾਰੀ ਦੇਣ ਤੱਕ।

**ਭੇਦਭਾਵ**

ਊਬਰ ਦਾ ਮਿਸ਼ਨ ਹਰ ਜਗ੍ਹਾ ਹਰੇਕ ਲਈ ਸਵਾਰੀਆਂ ਨੂੰ ਭਰੋਸੇਮੰਦ ਆਵਾਜਾਈ ਦੇ ਸਾਧਨਾਂ ਨਾਲ ਜੋੜਣਾ ਹੈ। ਊਬਰ ਵਿੱਚ ਕਿਸੇ ਵੀ ਪ੍ਰਕਾਰ ਦੇ ਭੇਦਭਾਵ ਪ੍ਰਤੀ ਸਾਡੀਪੂਰਨ ਅਸਹਿਨਸ਼ੀਲਤਾ ਦੀ ਪਾਲਿਸੀ ਹੈ।

ਕਿਸ ਕਾਰਨ ਤੁਸੀਂ ਆਪਣੇ ਖਾਤੇ ਦੀ ਵਰਤੋਂ ਗਵਾ ਸਕਦੇ ਹੋ? ਕਿਸੇ ਵੀ ਵਿਅਕਤੀ ਨੂੰ ਉਸਦੇ ਜਾਣ ਵਾਲੇ ਸਥਾਨ, ਜਾਂ ਵਿਸ਼ੇਸ਼ਤਾਵਾਂ ਜਿਵੇਂ ਕਿ ਵਿਅਕਤੀ ਦੀ ਨਸਲ, ਜਾਤੀ, ਧਰਮ, ਰਾਸ਼ਟਰੀ ਮੂਲ, ਅਯੋਗਤਾ ਲੈਂਗਿਕ ਅਨੁਕੂਲਨ, ਲਿੰਗ, ਵਿਆਹੁਤਾ ਸਥਿਤੀ, ਲਿੰਗ ਦੀ ਪਹਿਚਾਣ, ਉਮਰ ਜਾਂ ਸਬੰਧਤ ਕੇਂਦਰ, ਰਾਜ ਜਾਂ ਸਥਾਨਕ ਕਾਨੂੰਨ ਦੇ ਤਹਿਤ ਸੁਰੱਖਿਅਤ ਕਿਸੇ ਹੋਰ ਵਿਸ਼ੇਸ਼ਤਾ ਦੇ ਆਧਾਰ ‘ਤੇ ਸੇਵਾਵਾਂ ਦੇਣ ਤੋਂ ਇਨਕਾਰ ਕਰਨਾ ਅਸਵੀਕਾਰਯੋਗ ਹੈ। ਤੁਹਾਡੇ ਖਾਤੇ ਨੂੰ ਸਥਾਈ ਤੌਰ ‘ਤੇ ਡੀਐਕਟੀਵੇਟ ਕਰਨ ਵਰਗੀਆਂ ਕਾਰਵਾਈਆਂ ਕੀਤੀਆਂ ਜਾਣਗੀਆਂ।

ਅਸੀਂ ਅਪਾਹਿਜ ਸਵਾਰੀਆਂ ਲਈ ਆਵਾਜਾਈ ਦੇ ਵਿਕਲਪ ਵਧਾਉਣ ਵਿੱਚ ਮਦਦ ਕਰਨਾ ਚਾਹੁੰਦੇ ਹਾਂ । ਇਸ ਲਈ ਇਸ ਵਿਸ਼ੇ ‘ਤੇ ਡਰਾਇਵਰਾਂ ਵਾਸਤੇ ਸਾਡੇ ਕੋਲ ਜਾਣਕਾਰੀ ਉਪਲਬਧ ਹੈ। ਪਹੁੰਚਯੋਗਤਾ ਲਈ ਊਬਰ ਦੀ ਵਚਨ ਬੱਧਤਾਂ ਬਾਰੇ ਹੋਰ ਜਾਣਕਾਰੀ ਲਈ ਇੱਥੇ ਦੇਖੋ। ਅਸੀਂ ਊਬਰ ਐਪ ਵਰਤਣ ਵਾਲੇ ਡਰਾਇਵਰਾਂ ਤੋਂ ਅਪਾਹਿਜ ਸਵਾਰੀਆਂ ਦੀ ਆਵਾਜਾਈ ਲਈ ਲਾਗੂ ਸਬਧੰਤ ਰਾਜ, ਕੇਂਦਰੀ, ਅਤੇ ਸਥਾਨਕ ਕਾਨੂੰਨਾਂ ਦਾ ਪਾਲਣ ਕਰਨ ਦੀ ਉਮੀਦ ਕਰਦੇ ਹਾਂ।

ਪਿਛਲੀ ਵਾਰ ਪੇਜ ਅਪਡੇਟ ਕੀਤਾ ਗਿਆ: 8 ਫਰਵਰੀ, 2016

[1] ਵਰਤੋਂ ਦੇ ਭਾਰਤੀ ਨਿਯਮ ਇੱਥੇ ਦੇਖੇ ਜਾ ਸਕਦੇ ਹਨ।

[2] ਲਾਗੂ ਕਾਨੂੰਨ ਦੁਆਰਾ ਮਨਜ਼ੂਰੀ ਤੱਕ।

[3] ਊਬਰਰਸ਼ ਅਤੇ ਊਬਰਈਟਸ ਲਈ ਊਬਰ ਐਪ ਵਰਤਣ ਵਾਲੇ ਡਰਾਇਵਰਾਂ ‘ਤੇ ਇਹ ਪਾਲਿਸੀ ਲਾਗੂ ਨਹੀਂ ਹੁੰਦੀ।